# ਵਿਅਕਤੀਆਂ, ਸਮੂਹਾਂ ਅਤੇ ਸਮਾਜਿਕ ਅੰਗਾਂ ਦੇ ਸਰਵ-ਵਿਆਪੀ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਪ੍ਰਫੁੱਲਤਾ ਅਤੇ ਸੁਰੱਖਿਆ ਪ੍ਰਤੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦਾ ਘੋਸ਼ਣਾ ਪੱਤਰ

**ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ**

ਫਰੀਦਕੋਟ ਹਾਊਸ, ਕਾਪਰਨਿਕਸ ਮਾਰਗ,

ਨਵੀਂ ਦਿੱਲੀ - 110001.

# ਵਿਅਕਤੀਆਂ, ਸਮੂਹਾਂ ਅਤੇ ਸਮਾਜਿਕ ਅੰਗਾਂ ਦੇ ਸਰਵ-ਵਿਆਪੀ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਪ੍ਰਫੁੱਲਤਾ ਅਤੇ ਸੁਰੱਖਿਆ ਪ੍ਰਤੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦਾ ਘੋਸ਼ਣਾ ਪੱਤਰ

ਫਰੀਦਕੋਟ ਹਾਊਸ, ਕਾਪਰਨਿਕਸ ਮਾਰਗ,
ਨਵੀਂ ਦਿੱਲੀ - 110001.

9 ਦਸੰਬਰ 1998 ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਦੁਆਰਾ ਪ੍ਰਸਤਾਵ 53/144 ਪਾਸ ਕੀਤਾ ਗਿਆ।

**ਮਹਾਂ ਸਭਾ :**

ਸੰਯੁਕਤ ਰਾਸ਼ਟਰ ਦੁਆਰਾ ਸਾਰੇ ਸੰਸਾਰ ਦੇ ਵਿਅਕਤੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੇ ਵਿਕਾਸ ਅਤੇ ਸੁਰੱਖਿਆ ਦੀ ਘੋਸ਼ਣਾ ਦੇ ਉਦੇਸ਼ਾਂ ਅਤੇ ਸਿਧਾਤਾਂ ਦੀ ਮਾਨਤਾ ਨੂੰ ਮੁੜ ਦ੍ਰਿੜ੍ਹ ਕਰਦੇ ਹੋਇਆਂ ਮਨੁੱਖੀ ਅਧਿਕਾਰਾਂ ਦੀ ਸਰਵ-ਵਿਆਪੀ ਘੋਸ਼ਣਾ ਅਤੇ ਸਾਰੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਇਕਰਾਰਨਾਮੇ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਮਨੁੱਖੀ ਅਧਿਕਾਰਾਂ ਦੇ ਸਨਮਾਨ ਨੂੰ ਪ੍ਰਫੁੱਲਤ ਕਰਨ ਅਤੇ ਮਾਨਤਾ ਦਿਵਾਉਣ ਲਈ ਮੁੱਢਲੇ ਤੱਤ ਮੰਨਦੇ ਹੋਏ ਸੰਯੁਕਤ ਰਾਸ਼ਟਰ ਵੱਲੋਂ ਦੂਜੇ ਪ੍ਰਾਂਤਿਕ ਪੱਧਰ ਉੱਤੇ ਅਪਣਾਏ ਗਏ

ਮਨੁੱਖੀ ਅਧਿਕਾਰਾਂ ਦੀਆਂ ਘੋਸ਼ਨਾਵਾਂ ਨੂੰ ਵੀ ਮੁੜ ਦ੍ਰਿੜ੍ਹ ਕਰਦੇ ਹਾਂ।

ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਸਾਰੇ ਅੰਤਰਰਾਸ਼ਟਰੀ ਸਮਾਜ ਦੇ ਮੈਂਬਰ, ਇਕੱਠੇ ਜਾਂ ਵੱਖਰੋ-ਵੱਖਰੇ, ਆਪਣੇ ਦੁਆਰਾ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦਾ ਪ੍ਰਸਾਰ ਕਰਨ ਲਈ ਚੁੱਕੀ ਗਈ ਸ਼ਪਥ ਨੂੰ ਬਿਨ੍ਹਾਂ ਕਿਸੇ ਨਸਲ, ਰੰਗ, ਭਾਸ਼ਾ, ਧਰਮ, ਰਾਸ਼ਟਰੀ ਜਾਂ ਸਮਾਜਿਕ ਉਤਪਤੀ, ਜਨਮ ਜਾਂ ਕਿਸੇ ਹੋਰ ਆਧਾਰ 'ਤੇ ਵਿਤਕਰਾ ਕਰਦੇ ਹੋਏ ਅੰਤਰਰਾਸ਼ਟਰੀ ਸਹਿਯੋਗ ਦੀ ਜ਼ਰੂਰਤ ਨੂੰ ਮੁੜ ਦ੍ਰਿੜ੍ਹ ਕਰਦੇ ਹੋਏ ਨਿਭਾਉਣਗੇ।

ਇਸ ਦੇ ਨਾਲ ਹੀ ਅੰਤਰਰਾਸ਼ਟਰੀ ਸਹਿਯੋਗ ਅਤੇ ਵਿਅਕਤੀਆਂ, ਸਮੂਹਾਂ ਅਤੇ ਸੰਸਥਾਵਾਂ ਦੇ ਮਨੁੱਖੀ ਅਧਿਕਾਰਾਂ

ਅਤੇ ਮੌਲਿਕ ਸੁਤੰਤਰਤਾਵਾਂ ਦੀ ਉਲੰਘਣਾ ਨੂੰ ਰੋਕਣ ਲਈ ਪਾਏ ਮਹੱਤਵਪੂਰਨ ਯੋਗਦਾਨ, ਜਿਸ ਵਿੱਚ ਸਮੂਹਿਕ ਜਾਂ ਯੋਜਨਾਬੱਧ ਉਲੰਘਣਾ ਜਿਵੇਂ ਕਿ ਨਸਲੀ ਵਿਤਕਰਾ, ਬਸਤੀਵਾਦ, ਰਾਸ਼ਟਰੀ ਪ੍ਰਭੂਸੱਤਾ, ਵਿਦੇਸ਼ੀ ਪ੍ਰਭਾਵ, ਹਮਲਾ ਜਾਂ ਧਮਕੀਆਂ, ਲੋਕਾਂ ਦੇ ਸਵੈ-ਨਿਰਧਾਰਨ, ਆਪਣੀ ਜਾਇਦਾਦ ਅਤੇ ਕੁਦਰਤੀ ਸੋਮਿਆਂ ਉੱਤੇ ਪੂਰਨ ਪ੍ਰਭੂਸੱਤਾ ਨੂੰ ਮੰਨਣ ਤੋਂ ਇਨਕਾਰ ਕਰਨਾ ਸ਼ਾਮਲ ਹੈ। ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਮਾਨਤਾ ਲਈ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਵਿਚਲੇ ਸਬੰਧ ਨੂੰ ਪਹਿਚਾਣਦੇ ਹੋਏ ਅਤੇ ਇਸਦਾ ਧਿਆਨ ਰੱਖਦੇ ਹੋਏ ਕਿ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਦੀ ਅਣਹੋਂਦ ਨਾ ਤਾਮਿਲਯੋਗ (ਨਾ-ਮੰਨਣਯੋਗ) ਹੈ। ਇਸ ਗੱਲ ਨੂੰ ਫਿਰ ਯਾਦ ਕਰਦੇ ਹੋਏ ਕਿ ਸਾਰੇ ਮਨੁੱਖੀ ਅਧਿਕਾਰ ਸਰਵ-ਵਿਆਪੀ, ਅਣ-ਵੰਡਣਯੋਗ ਅਤੇ ਆਪਸ ਵਿੱਚ ਸਬੰਧਿਤ ਹਨ ਅਤੇ ਇਸ

ਲਈ ਬਰਾਬਰਤਾ ਅਤੇ ਸਹੀ ਢੰਗ ਨਾਲ ਇਨ੍ਹਾਂ ਨੂੰ ਬਿਨ੍ਹਾਂ ਕਿਸੇ ਭੇਦ-ਭਾਵ ਦੇ ਪ੍ਰਸਾਰਤ ਅਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਪ੍ਰਫੁੱਲਤਾ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਰਾਜ ਦੀ ਹੈ।

ਇਸਦੇ ਨਾਲ ਹੀ ਵਿਅਕਤੀਆਂ, ਸਮੂਹਾਂ ਅਤੇ ਸੰਸਥਾਵਾਂ ਦੀ ਮਨੁੱਖੀ ਅਧਿਕਾਰਾਂ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਤਿਕਾਰ ਅਤੇ ਪ੍ਰਫੁੱਲਤਾ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਨੂੰ ਮਾਨਤਾ ਦਿੰਦੇ ਹੋਏ ਘੋਸ਼ਣਾ ਕੀਤੀ ਜਾਂਦੀ ਹੈ।

**ਅਨੁਛੇਦ-1**

ਹਰੇਕ ਵਿਅਕਤੀ ਨੂੰ ਇਕੱਲੇ ਜਾਂ ਦੂਜਿਆਂ ਦੇ ਨਾਲ ਰਾਸ਼ਟਰੀ

ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਨੂੰ ਪ੍ਰਫੁੱਲਤ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਕਰਨ ਦਾ ਅਧਿਕਾਰ ਹੈ।

**ਅਨੁਛੇਦ-2**

1. ਹਰੇਕ ਰਾਜ ਦਾ ਇਕ ਪਰਮ ਕਰਤੱਵ ਹੈ ਕਿ ਉਹ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਨੂੰ ਲਾਗੂ ਕਰੇ ਅਤੇ ਇਸ ਲਈ ਉਸਨੂੰ ਉਹ ਸਾਰੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਜ਼ਰੂਰੀ ਕਦਮ ਉਠਾਵੇ। ਇਸ ਦੇ ਨਾਲ ਹੀ ਉਸਨੂੰ ਸਾਰੇ ਕਾਨੂੰਨੀ ਕਦਮ ਉਠਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਉਸਦੀ ਸਤ੍ਹਾ ਵਿੱਚ ਪੈਂਦੇ ਸਾਰੇ ਵਿਅਕਤੀ ਇਕੱਲੇ ਜਾਂ ਸਮੂਹਿਕ ਤੌਰ 'ਤੇ ਸਾਰੇ ਅਧਿਕਾਰ ਅਤੇ ਸੁਤੰਤਰਤਾਵਾਂ ਮਾਣ ਸਕਣ।

2. ਹਰੇਕ ਰਾਜ ਵਿਧਾਨਿਕ, ਪ੍ਰਸ਼ਾਸ਼ਨਿਕ ਅਤੇ ਦੂਜੇ ਕਦਮ ਚੁੱਕੇ, ਜਿਹੜੇ ਕਿ ਇਸ ਘੋਸ਼ਣਾ ਵਿੱਚ ਦਰਜ ਮੌਲਿਕ ਅਧਿਕਾਰਾਂ ਅਤੇ ਸੁਤੰਤਰਤਾਵਾਂ ਨੂੰ ਪ੍ਰਭਾਵਸ਼ਾਲੀ ਅਤੇ ਨਿਸ਼ਚਿਤ ਬਣਾ ਸਕਣ।

**ਅਨੁਛੇਦ-3**

ਸੰਯੁਕਤ ਰਾਸ਼ਟਰ ਦੇ ਘੋਸ਼ਣਾ ਪੱਤਰ ਅਤੇ ਹੋਰ ਅੰਤਰਰਾਸ਼ਟਰੀ ਇਕਰਾਰਨਾਮਿਆਂ ਦੇ ਮੁਤਾਬਕ ਮਨੁੱਖੀ ਅਧਿਕਾਰਾਂ ਲਈ ਬਣਾਏ ਘਰੇਲੂ ਕਾਨੂੰਨ ਨੂੰ ਲਾਗੂ ਕਰਕੇ ਅਤੇ ਘੋਸ਼ਣਾ ਦੇ ਅਧੀਨ ਸਾਰੇ ਮਨੁੱਖੀ ਅਧਿਕਾਰਾਂ ਨੂੰ ਪ੍ਰਫੁੱਲਤ ਕਰਨ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ ਚੰਗੀ ਤਰ੍ਹਾਂ ਕੰਮ ਕਰੇ।

## ਅਨੁਛੇਦ-4

ਇਸ ਘੋਸ਼ਣਾ ਪੱਤਰ ਨੂੰ ਕਿਸੇ ਤਰੀਕੇ ਨਾਲ ਵੀ ਸਰਵ-ਵਿਆਪੀ ਮਨੁੱਖੀ ਅਧਿਕਾਰ ਘੋਸ਼ਣਾ ਪੱਤਰ, ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸਬੰਧੀ ਇਕਰਾਰਨਾਮੇ ਅਤੇ ਦੂਜੇ ਅੰਤਰਰਾਸ਼ਟਰੀ ਦਸਤਾਵੇਜ਼ਾਂ ਦੇ ਖਿਲਾਫ ਜਾਂ ਰੋਕਣ ਵਾਲਾ ਜਾਂ ਅਵੱਗਿਆ ਕਰਨ ਵਾਲਾ ਨਾ ਸਮਝਿਆ ਜਾਵੇ।

## ਅਨੁਛੇਦ-5

ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੇ ਪ੍ਰਸਾਰ ਅਤੇ ਸੁਰੱਖਿਆ ਲਈ ਹਰੇਕ ਵਿਅਕਤੀ ਨੂੰ ਵਿਅਕਤੀਗਤ ਜਾਂ ਸਮੂਹਿਕ ਤੌਰ 'ਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਹ ਅਧਿਕਾਰ ਪ੍ਰਾਪਤ ਹਨ :-

(ੳ) ਸ਼ਾਂਤਮਈ ਇਕੱਠੇ ਹੋਣਾ ਜਾਂ ਮਿਲਣਾ।

(ਅ) ਗੈਰ ਸਰਕਾਰੀ ਸੰਸਥਾਵਾਂ, ਸਮੂਹ ਬਣਾਉਣਾ, ਸ਼ਾਮਲ ਹੋਣਾ ਜਾਂ ਭਾਗ ਲੈਣਾ।

(ੲ) ਗੈਰ ਸਰਕਾਰੀ ਜਾਂ ਸਰਕਾਰੀ ਸੰਸਥਾਵਾਂ ਨਾਲ ਸੰਚਾਰ ਕਾਇਮ ਕਰਨਾ।

**ਅਨੁਛੇਦ–6**

ਹਰੇਕ ਨੂੰ ਵਿਅਕਤੀਗਤ ਜਾਂ ਸਮੂਹਿਕ ਰੂਪ ਵਿੱਚ ਅਧਿਕਾਰ ਪ੍ਰਾਪਤ ਹਨ।

1. ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਨੂੰ ਜਾਣਨ, ਸਮਝਣ, ਪ੍ਰਾਪਤ ਕਰਨ ਦੀ ਜਾਣਕਾਰੀ

ਸਬੰਧੀ, ਜਿਸ ਵਿੱਚ ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾਵਾਂ ਨੂੰ ਘਰੇਲੂ ਪ੍ਰਸ਼ਾਸ਼ਨਿਕ, ਨਿਆਂਇਕ ਅਤੇ ਵਿਧਾਨਿਕ ਪੱਧਰ 'ਤੇ ਲਾਗੂ ਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ।

2. ਮਨੁੱਖੀ ਅਧਿਕਾਰਾਂ ਅਤੇ ਦੂਜੇ ਅੰਤਰਰਾਸ਼ਟਰੀ ਘੋਸ਼ਣਾ ਪੱਤਰਾਂ ਬਾਰੇ ਸੁਤੰਤਰਤਾ ਸਹਿਤ ਮਤ, ਜਾਣਕਾਰੀ ਅਤੇ ਗਿਆਨ ਛਾਪਣ ਅਤੇ ਵੰਡਣ ਦਾ ਅਧਿਕਾਰ ਹੈ।

3. ਮਨੁੱਖੀ ਅਧਿਕਾਰਾਂ ਸਬੰਧੀ ਆਪਣੇ ਵਿਚਾਰ ਬਣਾਉਣਾ, ਵਿਚਾਰ ਵਟਾਂਦਰਾ ਕਰਨਾ ਅਤੇ ਸਹੀ ਤਰੀਕਿਆਂ ਨਾਲ ਲੋਕਾਂ ਦਾ ਧਿਆਨ ਉਨ੍ਹਾਂ ਵੱਲ ਲਗਾਉਣ ਦਾ ਅਧਿਕਾਰ ਹੈ।

## ਅਨੁਛੇਦ-8

1. ਹਰੇਕ ਨੂੰ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚ ਅਤੇ ਗੈਰ ਵਿਤਕਰੇ ਦੇ ਆਧਾਰ 'ਤੇ ਆਪਣੀ ਸਰਕਾਰ ਅਤੇ ਲੋਕ ਕਾਰਜਾਂ ਵਿੱਚ ਭਾਗ ਲੈਣ ਦਾ ਅਧਿਕਾਰ ਹੈ।

2. ਹਰੇਕ ਨੂੰ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਲੋਕ ਕਾਰਜਾਂ ਨਾਲ ਸਬੰਧਤ ਸਰਕਾਰੀ ਏਜੰਸੀਆਂ ਅਤੇ ਸੰਸਥਾਵਾਂ ਦੀ ਆਲੋਚਨਾ ਅਤੇ ਕੰਮਕਾਜ ਨੂੰ ਸੁਧਾਰਨ ਲਈ ਪ੍ਰਸਤਾਵ ਦੇਣ ਅਤੇ ਉਸ ਕਾਰਜ ਪ੍ਰਤੀ ਧਿਆਨ ਦਿਵਾਉਣ ਦਾ ਅਧਿਕਾਰ ਹੈ, ਜਿਹੜਾ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਪ੍ਰਫੁੱਲਤਾ, ਸੁਰੱਖਿਆ ਅਤੇ ਮਾਨਤਾ ਵਿੱਚ ਮੁਸ਼ਕਲਾਂ ਖੜੀਆਂ

ਕਰਦੇ ਹਨ।

**ਅਨੁਛੇਦ-9**

1. ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਨੂੰ ਲਾਗੂ ਕਰਵਾਉਣ ਲਈ, ਜਿਸ ਵਿੱਚ ਇਸ ਘੋਸ਼ਣਾ ਪੱਤਰ ਵਿੱਚ ਸ਼ਾਮਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੋਂ ਨਿਆਂ ਦਿਵਾਉਣ ਦਾ ਵਿਅਕਤੀਗਤ ਜਾਂ ਸਮੂਹਿਕ ਰੂਪ ਵਿੱਚ ਅਧਿਕਾਰ ਹੈ।

2. ਹਰੇਕ ਵਿਅਕਤੀ ਜਿਸਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੋਵੇ, ਤਾਂ ਉਹ ਵਿਅਕਤੀ ਜਾਂ ਕਾਨੂੰਨੀ ਪ੍ਰਤੀਨਿਧ ਦੁਆਰਾ ਸ਼ਿਕਾਇਤ ਦਰਜ ਕਰਵਾਉਣ ਅਤੇ ਉਸ ਸ਼ਿਕਾਇਤ 'ਤੇ ਤੁਰੰਤ ਅਤੇ ਆਜ਼ਾਦ, ਨਿਰਪੱਖ

ਨਿਆਂਇਕ ਜਾਂ ਕਾਨੂੰਨੀ ਅਧਿਕਾਰਤ ਸੰਸਥਾ ਤੋਂ ਸੁਣਵਾਈ ਅਤੇ ਅਜਿਹੀ ਸੰਸਥਾ ਤੋਂ ਨਿਆਂ, ਜਿਸ ਵਿੱਚ ਮੁਆਵਜਾ ਸ਼ਾਮਲ ਹੋਵੇ, ਬਿਨ੍ਹਾਂ ਦੇਰੀ ਤੋਂ ਲਾਗੂ ਕਰਵਾਉਣ ਦਾ ਅਧਿਕਾਰ ਹੈ।

3. ਇਸ ਟੀਚੇ ਦੀ ਪ੍ਰਾਪਤੀ ਸਬੰਧੀ ਹਰੇਕ ਨੂੰ ਵਿਅਕਤੀਗਤ ਜਾਂ ਸਮੂਹਿਕ ਤੌਰ 'ਤੇ ਅਧਿਕਾਰ ਹੈ :-

(ੳ) ਅਧਿਕਾਰੀਆਂ ਅਤੇ ਸਰਕਾਰੀ ਸੰਸਥਾਵਾਂ ਦੀ ਮਨੁੱਖੀ ਅਧਿਕਾਰਾਂ ਦੇ ਘਾਣ ਸਬੰਧੀ ਸ਼ਿਕਾਇਤ ਵਿਧਾਨਿਕ, ਨਿਆਂਇਕ ਅਤੇ ਪ੍ਰਸ਼ਾਸਨਿਕ ਜਾਂ ਕਿਸੇ ਹੋਰ ਅਧਿਕਾਰਿਤ ਸੰਸਥਾ ਤੋਂ ਸ਼ਿਕਾਇਤ ਦਾ ਬਿਨ੍ਹਾਂ ਦੇਰੀ ਤੋਂ ਨਿਪਟਾਰਾ ਕਰਵਾਉਣ ਦਾ ਅਧਿਕਾਰ।

(ਅ) ਜਨਤਕ ਸੁਣਵਾਈ, ਟਰਾਇਲ ਵਿੱਚ ਭਾਗ ਲੈਣਾ, ਉਨ੍ਹਾਂ ਦਾ ਰਾਸ਼ਟਰੀ ਕਾਨੂੰਨ ਅਤੇ ਅੰਤਰਰਾਸ਼ਟਰੀ ਇਕਰਾਰਾਂ ਦੇ ਨਾਲ ਇਕਸੁਰਤਾ ਬਾਰੇ ਮਤ ਬਣਾਉਣੇ।

(ੲ) ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਨੂੰ ਸੁਰੱਖਿਅਤ ਰੱਖਣ ਲਈ ਪੇਸ਼ਾਵਰ ਸਿੱਖਿਅਤ ਕਾਨੂੰਨੀ ਸਹਾਇਤਾ ਉਪਲਬਧ ਕਰਵਾਉਣਾ।

4. ਇਸੇ ਟੀਚੇ ਦੀ ਪ੍ਰਾਪਤੀ ਲਈ ਅਤੇ ਅੰਤਰਰਾਸ਼ਟਰੀ ਕਨਵੈਨਸ਼ਨਾਂ ਤਹਿਤ ਹਰੇਕ ਨੂੰ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਅੰਤਰਰਾਸ਼ਟਰੀ ਤਰੀਕਿਆਂ ਦੇ ਮੁਤਾਬਕ ਮਨੁੱਖੀ ਅਧਿਕਾਰਾਂ ਅਤੇ ਮੌਲਿਕ

ਸੁਤੰਤਰਤਾਵਾਂ ਸਬੰਧੀ ਬੇਰੋਕ ਸੰਚਾਰ ਪ੍ਰਾਪਤ ਕਰਨ ਦਾ ਅਧਿਕਾਰ ਹੈ।

5. ਰਾਜ ਨੂੰ ਚਾਹੀਦਾ ਹੈ ਕਿ ਨਿਰਪੱਖ ਅਤੇ ਜਲਦੀ ਜਾਂਚ ਪੜਤਾਲ ਕੀਤੀ ਜਾਵੇ, ਜਦੋਂ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਰਾਜ ਦੇ ਖੇਤਰ ਵਿੱਚ ਵਾਪਰੇ।

**ਅਨੁਛੇਦ–10**

ਕਿਸੇ ਨੂੰ ਵੀ ਆਪਣੇ ਕਾਰਜ ਦੁਆਰਾ ਜਾਂ ਲੋੜੀਂਦਾ ਕਾਰਜ ਨਾ ਕਰਨ ਦੁਆਰਾ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਉਲੰਘਣਾ ਕਰਨ ਦਾ ਅਧਿਕਾਰ ਨਹੀਂ ਹੈ।

## ਅਨੁਛੇਦ-11

ਹਰ ਇਕ ਨੂੰ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਕਾਨੂੰਨੀ ਰੂਪ ਵਿੱਚ ਆਪਣਾ ਕਿੱਤਾ ਜਾਂ ਪੇਸ਼ਾ ਅਪਣਾਉਣ ਦਾ ਅਧਿਕਾਰ ਹੈ। ਜਿਹੜਾ ਵੀ ਵਿਅਕਤੀ ਆਪਣੇ ਕਿੱਤੇ ਦੁਆਰਾ ਮਨੁੱਖੀ ਸਤਿਕਾਰ, ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ 'ਤੇ ਕਿਸੇ ਪ੍ਰਕਾਰ ਨਾਲ ਪ੍ਰਭਾਵ ਪਾ ਸਕਦਾ ਹੈ, ਉਸਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੇਸ਼ੇ ਦੇ ਨਿਯਮਾਂ ਅਨੁਸਾਰ ਉਹਨਾਂ ਅਧਿਕਾਰਾਂ ਅਤੇ ਸੁਤੰਤਰਤਾਵਾਂ ਦਾ ਆਦਰ ਕਰਨਾ ਚਾਹੀਦਾ ਹੈ।

## ਅਨੁਛੇਦ-12

1. ਹਰ ਇੱਕ ਨੂੰ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ

ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਉਲੰਘਣਾ ਦੇ ਖਿਲਾਫ ਸ਼ਾਂਤਮਈ ਕਿਰਿਆਵਾਂ ਵਿੱਚ ਭਾਗ ਲੈਣ ਦਾ ਅਧਿਕਾਰ ਹੈ।

2. ਰਾਜ ਨੂੰ ਹਰੇਕ ਵਿਅਕਤੀਗਤ ਅਤੇ ਸਮੂਹਿਕ ਮਨੁੱਖੀ ਅਧਿਕਾਰਾਂ ਵਿਰੁੱਧ ਹਿੰਸਾ, ਧਮਕੀਆਂ, ਬਦਲਾ, ਭੇਦ ਭਾਵ ਜਾਂ ਹੋਰ ਕਿਸੇ ਤਰੀਕੇ ਦੀ ਉਲੰਘਣਾ ਕਰਨ ਵਾਲੀਆਂ ਕਿਰਿਆਵਾਂ, ਜੋ ਕਿ ਇਸ ਘੋਸ਼ਣਾ ਪੱਤਰ ਵਿੱਚ ਸ਼ਾਮਲ ਹਨ, ਦੀ ਸੁਰੱਖਿਆ ਲਈ ਕਦਮ ਚੁੱਕਣੇ ਚਾਹੀਦੇ ਹਨ।

3. ਇਸਦੇ ਸਬੰਧ ਵਿੱਚ ਹਰੇਕ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਸ਼ਾਤਮਈ ਤਰੀਕਿਆਂ ਨਾਲ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ, ਸਮੂਹਾਂ ਜਾਂ

ਵਿਅਕਤੀਆਂ ਦੁਆਰਾ ਅਧਿਕਾਰਾਂ ਦੀ ਮਾਨਤਾ ਵਿਰੁੱਧ ਪ੍ਰਤੀਕਿਰਿਆ ਕਰਨ ਦਾ ਅਧਿਕਾਰ।

**ਅਨੁਛੇਦ-13**

ਮੌਜੂਦਾ ਘੋਸ਼ਣਾ ਅਨੁਛੇਦ 3 ਦੇ ਸੰਦਰਭ ਅਨੁਸਾਰ ਹਰੇਕ ਨੂੰ ਇਹ ਅਧਿਕਾਰ ਹੈ ਕਿ ਉਹ ਵਿਅਕਤੀਗਤ ਜਾਂ ਦੂਜਿਆਂ ਨਾਲ ਮਿਲਕੇ ਸ਼ਾਂਤਮਈ ਤਰੀਕਿਆਂ ਦੁਆਰਾ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਪ੍ਰਫੁੱਲਤਾ, ਸੁਰੱਖਿਆ ਲਈ ਸਾਧਨਾਂ ਨੂੰ ਪ੍ਰਾਪਤ ਕਰਨ ਅਤੇ ਉਪਯੋਗ ਕਰਨ ਦਾ ਅਧਿਕਾਰ ਹੈ।

**ਅਨੁਛੇਦ-14**

1. ਇਹ ਰਾਜ ਦੀ ਜਿੰਮੇਵਾਰੀ ਹੈ ਕਿ ਉਹ ਆਪਣੇ

ਅਧਿਕਾਰ ਖੇਤਰ ਅੰਦਰ ਆਉਂਦੇ ਨਾਗਰਿਕ, ਰਾਜਨੀਤਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਲੋੜੀਂਦੇ ਵਿਧਾਨਿਕ, ਨਿਆਂਇਕ, ਪ੍ਰਸ਼ਾਸ਼ਨਿਕ ਜਾਂ ਹੋਰ ਜਰੂਰੀ ਕਦਮ ਉਠਾਏ।

2. ਅਜਿਹੇ ਕਦਮਾਂ ਵਿੱਚ ਇਹ ਸ਼ਾਮਲ ਹੋਵੇਗਾ :-

(ੳ) ਰਾਸ਼ਟਰੀ ਕਾਨੂੰਨ, ਧਾਰਾਵਾਂ ਅਤੇ ਮੁੱਢਲੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਉਪਕਰਨਾਂ ਦੀ ਛਪਾਈ ਅਤੇ ਵੱਡੇ ਪੱਧਰ 'ਤੇ ਮੁਹੱਈਆ ਕਰਵਾਉਣਾ।

(ਅ) ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚਲੇ

ਅੰਤਰਰਾਸ਼ਟਰੀ ਦਸਤਾਵੇਜ਼ਾਂ ਨੂੰ ਪੂਰੀ ਤਰ੍ਹਾਂ ਅਤੇ ਬਰਾਬਰ ਮੁਹੱਈਆ ਕਰਵਾਉਣਾ, ਜਿਸ ਵਿੱਚ ਰਾਜ ਪੱਧਰ ਦੀਆਂ ਸੰਸਥਾਵਾਂ, ਜੋ ਕਿ ਮਨੁੱਖੀ ਅਧਿਕਾਰ ਸੰਧੀਆਂ ਦੁਆਰਾ ਸਥਾਪਿਤ ਕੀਤੀਆਂ ਗਈਆਂ ਹਨ, ਉਨ੍ਹਾਂ ਦੀਆਂ ਸਮਾਂ-ਬਧ ਰਿਪੋਰਟਾਂ, ਰਿਕਾਰਡ ਅਤੇ ਵਿਚਾਰ-ਵਟਾਂਦਰਾ ਸ਼ਾਮਲ ਹੈ।

**ਅਨੁਛੇਦ-15**

ਇਹ ਰਾਜ ਦਾ ਪਰਮ ਕਰਤੱਵ ਹੈ ਕਿ ਉਹ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਸਿੱਖਿਆ ਨੂੰ ਉਤਸ਼ਾਹਿਤ ਅਤੇ ਉੱਨਤ ਕਰੇ ਅਤੇ ਇਹ ਵੀ ਜ਼ਰੂਰੀ ਬਣਾਵੇ ਕਿ ਇਸ ਪ੍ਰਕਿਰਿਆ ਵਿੱਚ ਕੁਸ਼ਲ ਵਕੀਲ, ਕਾਨੂੰਨ ਲਾਗੂ ਕਰਨ ਵਾਲੇ

ਅਫਸਰ, ਸੈਨਿਕ ਕਰਮੀਆਂ ਅਤੇ ਜਨਤਕ ਕਰਮਚਾਰੀਆਂ ਨੂੰ ਮਨੁੱਖੀ ਅਧਿਕਾਰ ਸਿੱਖਿਆ ਵਿੱਚ ਸ਼ਾਮਲ ਕਰੇ।

**ਅਨੁਛੇਦ-16**

ਵਿਅਕਤੀ ਗੈਰ ਸਰਕਾਰੀ ਸੰਸਥਾਵਾਂ, ਉਚਿੱਤ ਸੰਸਥਾਵਾਂ, ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਜਾਗਰੂਕਤਾ ਪ੍ਰਤੀ ਇਕ ਮਹੱਤਵਪੂਰਨ ਰੋਲ ਅਦਾ ਕਰ ਸਕਦੇ ਹਨ, ਜਿਵੇਂ ਕਿ ਸਿੱਖਿਆ ਅਤੇ ਖੋਜ ਵਿਸ਼ਿਆਂ ਵਿੱਚ ਦੇਸ਼ਾਂ ਅਤੇ ਵੱਖ-ਵੱਖ ਨਸਲੀ ਅਤੇ ਧਾਰਮਿਕ ਸਮੂਹਾਂ ਵਿਚਕਾਰ ਸਮਝਣ ਪੱਧਰ, ਸਹਿਣ-ਸ਼ੀਲਤਾ, ਸ਼ਾਂਤੀ ਅਤੇ ਸਦਭਾਵਨਾ ਪੂਰਨ ਸਬੰਧ ਬਣਾਉਣੇ ਆਦਿ।

## ਅਨੁਛੇਦ-17

ਮੌਜੂਦਾ ਘੋਸ਼ਣਾ ਵਿੱਚ ਸ਼ਾਮਲ ਅਧਿਕਾਰਾਂ ਅਤੇ ਸੁੰਤਤਰਤਾਵਾਂ ਨੂੰ ਲਾਗੂ ਕਰਦੇ ਹੋਏ ਵਿਅਕਤੀਗਤ ਅਤੇ ਸਮੂਹਿਕ ਪੱਧਰ 'ਤੇ ਅੰਤਰਰਾਸ਼ਟਰੀ ਕਾਨੂੰਨ ਦੀਆਂ ਬੰਦਸ਼ਾ ਕਰਕੇ ਕੁੱਝ ਰੋਕਾਂ ਹੋ ਸਕਦੀਆਂ ਹਨ, ਜਿਨ੍ਹਾਂ ਦਾ ਉਦੇਸ਼ ਅਧਿਕਾਰਾਂ ਅਤੇ ਸੁਤੰਤਰਤਾਵਾਂ ਦਾ ਆਦਰ ਕਰਵਾਉਣਾ ਅਤੇ ਜਨਤਕ ਭਲਾਈ ਸ਼ਾਮਲ਼ ਹੈ।

## ਅਨੁਛੇਦ-18

(ੳ) ਹਰੇਕ ਵਿਅਕਤੀ ਦੀਆਂ ਸਮਾਜ ਪ੍ਰਤੀ ਜਿੰਮੇਵਾਰੀਆਂ ਹਨ ਕਿ ਉਹ ਆਪਣੇ ਅਤੇ ਸਮਾਜਿਕ ਵਿਕਾਸ ਵਿੱਚ ਰੋਲ ਅਦਾ ਕਰੇ।

(ਅ) ਵਿਅਕਤੀਆਂ, ਸਮੂਹਾਂ, ਸੰਸਥਾਵਾਂ, ਗੈਰ ਸਰਕਾਰੀ ਸੰਸਥਾਵਾਂ ਲਈ ਲੋਕਤੰਤਰ ਵਿੱਚ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੇ ਵਿਕਾਸ ਲਈ ਕੰਮ ਕਰਨ ਦਾ ਢੁੱਕਵਾਂ ਸਮਾਂ ਅਤੇ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਹੈ।

(ੲ) ਵਿਅਕਤੀਆਂ, ਸਮੂਹਾਂ, ਸੰਸਥਾਵਾਂ ਅਤੇ ਗੈਰ ਸਰਕਾਰੀ ਸੰਸਥਾਵਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਕੰਮ ਕਾਜੀ ਕ੍ਰਿਆਵਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਸਰਵ-ਵਿਆਪੀ ਘੋਸ਼ਣਾ ਅਤੇ ਸੰਯੁਕਤ ਰਾਸ਼ਟਰ 'ਤੇ ਉਪਕਰਨਾਂ ਦਾ ਧਿਆਨ ਰੱਖੇ।

## ਅਨੁਛੇਦ-19

ਮੌਜੂਦਾ ਘੋਸ਼ਣਾ ਵਿੱਚ ਕੁੱਝ ਵੀ ਅਜਿਹਾ ਨਹੀਂ ਹੈ ਕਿ ਜਿਸ ਅਨੁਸਾਰ ਵਿਅਕਤੀਆਂ, ਸਮੂਹਾਂ, ਸਮਾਜਿਕ ਅੰਗਾਂ ਅਤੇ ਰਾਜ ਦੁਆਰਾ ਮਨੁੱਖੀ ਅਧਿਕਾਰਾਂ ਅਤੇ ਮੌਲਿਕ ਸੁਤੰਤਰਤਾਵਾਂ ਦੀ ਉਲੰਘਣਾ ਹੁੰਦੀ ਹੋਵੇ।

## ਅਨੁਛੇਦ-20

ਮੌਜੂਦਾ ਘੋਸ਼ਣਾ ਵਿੱਚ ਕੁੱਝ ਵੀ ਅਜਿਹਾ ਨਹੀਂ ਹੈ, ਜਿਹੜਾ ਰਾਜਾਂ ਦੁਆਰਾ ਵਿਅਕਤੀਆਂ, ਸਮੂਹਾਂ ਅਤੇ ਸੰਸਥਾਵਾਂ ਦੀਆਂ ਗਤੀਵਿਧੀਆਂ ਨੂੰ ਸੰਯੁਕਤ ਰਾਸ਼ਟਰ ਅਧਿਕਾਰ ਪੱਤਰ ਦੇ ਪ੍ਰਤੀਕੂਲ ਬਣਾਉਂਦਾ ਹੋਵੇ।